## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ)ਪੰਜਾਬ, ਐਸ.ਏ.ਐਸ ਨਗਰ।

### ਅਮਲਾ-2 ਸਾਖਾ

ਹੁਕਮ ਨੰ: 19/4-2010 ਅ-2 (4,8)
ਮਿਤੀ: ਸ.ਅ.ਸ. ਨਗਰ; 30-12-2015

ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿਖਿਆ-5 ਸਾਖਾ) ਦੇ ਪੱਤਰ ਨੰ: 19/104/2014-5ਸਿ5/452756/2 ਮਿਤੀ 01-04-2015 ਰਾਂਹੀ ਗਠਿਤ ਕੀਤੀ ਗਈ ਸਕਰੀਨਿੰਗ ਕਮੇਟੀ ਦੀ ਸਿਫਾਰਸ ਅਨਸਾਰ ਹੇਠ ਲਿਖੇ ਜੇ.ਬੀ.ਟੀ./ਈ.ਟੀ.ਟੀ. ਅਧਿਆਪਕ/ਅਧਿਆਪਕਾਵਾਂ ਨੂੰ ਬਤੌਰ ਮਾਸਟਰ/ਮਿਸਟ੍ਰੈਸ ਪੇ ਬੈਂਡ ਰੁਪਏ 10300-34800 (ਗ੍ਰੇਡ ਪੇ ਰੁਪਏ 5000) ਦੇ ਗ੍ਰੇਡ ਵਿੱਚ ਆਰਜੀ ਤੌਰ ਤੇ ਮਾਸਟਰ/ਮਿਸਟ੍ਰੇਸ ਕਾਡਰ ਵਿੱਚ ਹੇਠ ਲਿਖੀਆਂ ਸ਼ਰਤਾਂ ਤਹਿਤ ਤਰੱਕੀ ਦਿੱਤੀ ਜਾਂਦੀ ਹੈ;

| ਲੜੀ ਨੰ | ਕਰਮਚਾਰੀ ਦਾ ਨਾਮ | ਮੌਜੂਦਾ ਨਿਯੁਕਤੀ ਦਾ ਸਥਾਨ (ਸਪਸ) | ਬਲਾਕ | ਜਿਲ੍ਹਾ | ਕੈਟਾਗਰੀ | ਨਿਯੁਕਤੀ ਦੀ ਮਿਤੀ | ਵਿਸਾ | ਵਿਸ਼ੇਸ਼ ਕਥਨ |
|---|---|---|---|---|---|---|---|---|
| 1 | ਸਤਨਾਮ ਸਿੰਘ | ਬੱਛੂਆਣਾ | ਬੁਢਲਾਡਾ-1 | ਮਾਨਸਾ | ਬੀ.ਸੀ. | 28-11-1996 | ਡੀ.ਪੀ.ਈ | |
| 2 | ਸੁਖਵਿੰਦਰ ਕੌਰ | ਭੀਖੀ (ਮੁ) | ਬੁਢਲਾਡਾ-1 | ਮਾਨਸਾ | ਜਨਰਲ | 25-11-1997 | ਡੀ.ਪੀ.ਈ | |
| 3 | ਰਣਜੀਤ ਸਿੰਘ | ਮਾਣਕੂ ਮਾਜਰਾ | ਨੂਰਪੁਰ ਬੇਦੀ | ਰੂਪਨਗਰ | ਜਨਰਲ | 1-1-1998 | ਡੀ.ਪੀ.ਈ | |
| 4 | ਜਗਜੀਤ ਸਿੰਘ | ਸਰਾਂਵਾ ਕੋਟਕਪੂਰਾ | ਕੋਟਕਪੂਰਾ | ਫਰੀਦਕੋਟ | ਜਨਰਲ | 16-10-1998 | ਡੀ.ਪੀ.ਈ | |
| 5 | ਸੁਰਜੀਤ ਸਿੰਘ | ਤਲਾਬ ਨਹਿਰ 4-6 | ਬਠਿੰਡਾ-1 | ਬਠਿੰਡਾ | ਜਨਰਲ | 17-10-1998 | ਡੀ.ਪੀ.ਈ | |
| 6 | ਨਿਰਮਲ ਸਿੰਘ | ਪੂਹਲਾ | ਨਥਾਣਾ | ਬਠਿੰਡਾ | ਜਨਰਲ | 23-10-1998 | ਡੀ.ਪੀ.ਈ | |
| 7 | ਰੇਸਮ ਸਿੰਘ | ਭੁੱਚੋ ਕਲਾਂ | ਨਥਾਣਾ | ਬਠਿੰਡਾ | ਜਨਰਲ | 24-10-1998 | ਡੀ.ਪੀ.ਈ | |
| 8 | ਜਲੌਰ ਸਿੰਘ | ਪਥਰਾਲਾ | ਸੰਗਤ | ਬਠਿੰਡਾ | ਜਨਰਲ | 26-10-1998 | ਡੀ.ਪੀ.ਈ | |
| 9 | ਗੁਰਿੰਦਰ ਸਿੰਘ | ਤਲਾਬ ਨਹਿਰ ਮੇਨ | ਬਠਿੰਡਾ-1 | ਬਠਿੰਡਾ | ਜਨਰਲ | 27-10-1998 | ਡੀ.ਪੀ.ਈ | |
| 10 | ਇੰਦਰਜੀਤ ਸਿੰਘ | ਮੰਡੀ ਕਲਾਂ | ਮੰਡੀ ਪੂਲ | ਬਠਿੰਡਾ | ਜਨਰਲ | 11-12-2001 | ਡੀ.ਪੀ.ਈ | |
| 11 | ਦੇਵ ਰਾਜ | ਦੀਨਾ | ਨਿਹਾਲ ਸਿੰਘ ਵਾਲਾ | ਮੋਗਾ | ਜਨਰਲ | 11-12-2001 | ਡੀ.ਪੀ.ਈ | |
| 12 | ਅਵਤਾਰ ਸਿੰਘ | ਨੰਗਲ ਖੁਰਦ | ਝੁਨੀਰ | ਮਾਨਸਾ | ਜਨਰਲ | 11-12-2001 | ਡੀ.ਪੀ.ਈ | |
| 13 | ਰਵਿੰਦਰ ਸਿੰਘ | ਚੱਕ ਬਖਤੂ | ਨਥਾਣਾ | ਬਠਿੰਡਾ | ਜਨਰਲ | 11-12-2001 | ਡੀ.ਪੀ.ਈ | |
| 14 | ਸੁਖਵੀਰ ਸਿੰਘ | ਪਥਰਾਲਾ | ਸੰਗਤ | ਬਠਿੰਡਾ | ਜਨਰਲ | 12-12-2001 | ਡੀ.ਪੀ.ਈ | |
| 15 | ਹਰਪਾਲ ਸਿੰਘ | ਲਹਿਰਾ ਮੁਹੱਬਤ | ਨਥਾਣਾ | ਬਠਿੰਡਾ | ਜਨਰਲ | 12-12-2001 | ਡੀ.ਪੀ.ਈ | |

| ਲੜੀ ਨੰ | ਕਰਮਚਾਰੀ ਦਾ ਨਾਮ | ਮੌਜੂਦਾ ਨਿਯੁਕਤੀ ਦਾ ਸਥਾਨ (ਸਪਸ) | ਬਲਾਕ | ਜਿਲ੍ਹਾ | ਕੈਟਾਗਰੀ | ਨਿਯੁਕਤੀ ਦੀ ਮਿਤੀ | ਵਿਸਾ | ਵਿਸ਼ੇਸ਼ ਕਥਨ |
|---|---|---|---|---|---|---|---|---|
| 16 | ਅਜੀਤ ਕੌਰ | ਡੰਗਰ ਖੇੜਾ | ਅਬੋਹਰ-2 | ਫਾਜ਼ਿਲਕਾ | ਜਨਰਲ | 12-12-2001 | ਡੀ.ਪੀ.ਈ | |
| 17 | ਅਸ਼ੀਸ਼ ਕੁਮਾਰ | ਡੰਗਰ ਖੇੜਾ | ਅਬੋਹਰ-2 | ਫਾਜ਼ਿਲਕਾ | ਜਨਰਲ | 14-12-2001 | ਡੀ.ਪੀ.ਈ | |
| 18 | ਸਰਬਜੀਤ ਕੌਰ | ਸਾਮਗੜ੍ਹ | ਸਮਰਾਲਾ-1 | ਲੁਧਿਆਣਾ | ਜਨਰਲ | 24-12-2001 | ਡੀ.ਪੀ.ਈ | |
| 19 | ਨਿਰਮਲ ਸਿੰਘ | ਢੇਲਵਾਂ | ਨਥਾਣਾ | ਬਠਿੰਡਾ | ਜਨਰਲ | 24-12-2001 | ਡੀ.ਪੀ.ਈ | |
| 20 | ਸਿਮਰਜੀਤ ਕੌਰ | ਫਤਿਹਗੜ੍ਹ ਛੰਨਾਂ | ਸੰਗਰੂਰ-1 | ਸੰਗਰੂਰ | ਬੀ.ਸੀ. | 2-1-2002 | ਡੀ.ਪੀ.ਈ | |
| 21 | ਜਗਰਾਜ ਸਿੰਘ | ਧੂਲਕੋਟ | ਪੱਖੋਵਾਲ | ਲੁਧਿਆਣਾ | ਜਨਰਲ | 9-1-2002 | ਡੀ.ਪੀ.ਈ | |
| 22 | ਬਲਵਿੰਦਰ ਸਿੰਘ | ਸਨੇਟਾ | ਖਰੜ-3 | ਸਅਸ ਨਗਰ | ਜਨਰਲ | 6-4-2002 | ਡੀ.ਪੀ.ਈ | |
| 23 | ਜਗਤਾਰ ਸਿੰਘ | ਆਲੋਅਰਖ | ਸੰਗਰੂਰ-2 | ਸੰਗਰੂਰ | ਜਨਰਲ | 30-4-2002 | ਡੀ.ਪੀ.ਈ | |
| 24 | ਰਾਜਿੰਦਰ ਪਾਲ ਸਿੰਘ | ਅਜੀਮਗੜ੍ਹ | ਅਬੋਹਰ-1 | ਫਾਜ਼ਿਲਕਾ | ਜਨਰਲ | 7-5-2002 | ਡੀ.ਪੀ.ਈ | |
| 25 | ਗੁਰਪ੍ਰੀਤ ਸਿੰਘ | ਸੰਤੂ ਵਾਲਾ | ਜੀਰਾ-3 | ਫਿਰੋਜ਼ਪੁਰ | ਜਨਰਲ | 9-5-2002 | ਡੀ.ਪੀ.ਈ | |
| 26 | ਨਿਰਮਲ ਸਿੰਘ | ਕਾਈਨੌਰ | ਮੋਰਿੰਡਾ | ਰੂਪਨਗਰ | ਐਸ.ਸੀ. | 10-5-2002 | ਡੀ.ਪੀ.ਈ | |

ਸ਼ਰਤਾਂ

1. ਸਬੰਧਿਤ ਕਰਮਚਾਰੀ/ਕਰਮਚਾਰਨ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਬੀ.ਏ./ ਬੀ.ਐਸ.ਸੀ./ ਬੀ.ਐਡ./ਬੀ.ਪੀ.ਐਡ./ਡੀਪੀਐਡ ਪਾਸ ਹੋਵੇ ਅਤੇ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ/ਨਿਯਮਾਂ ਅਨੁਸਾਰ ਵਿਸ਼ਾ ਜੋੜ ਦੀ ਸ਼ਰਤ ਪੂਰੀ ਕਰਦਾ/ਕਰਦੀ ਹੋਵੇ।
2. ਤਰੱਕੀ ਉਪਰੰਤ ਪੋਸਟਿੰਗ ਵਾਲੀ ਥਾਂ ਤੇ ਹਾਜ਼ਰ ਕਰਾਉਣ ਤੋਂ ਪਹਿਲਾਂ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ ਉਸ ਦਾ ਅਪ-ਟੂ-ਡੇਟ ਸੇਵਾ ਰਿਕਾਰਡ ਚੈਕ ਕਰਨਗੇ, ਰਿਕਾਰਡ ਤਸੱਲੀ ਬਖਸ ਨਾ ਹੋਣ ਦੀ ਸੂਰਤ ਵਿੱਚ ਹਾਜ਼ਰ ਨਾ ਕਰਵਾਇਆ ਜਾਵੇ ਸਗੋਂ ਇਸ ਬਾਰੇ ਸੂਚਨਾ ਡਾਇਰੈਕਟੋਰੇਟ ਨੂੰ ਭੇਜੀ ਜਾਵੇ।
3. ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਨੰ: ਜੀ.ਐਸ.ਆਰ-33, ਕ.ਸ.2/ਆਰਟੀ 309/94 ਮਿਤੀ 04-05-1994 ਦੇ ਨਿਯਮ 18 ਅਧੀਨ ਕਰਮਚਾਰੀ/ਕਰਮਚਾਰਨ **ਸਬੰਧਤ ਜਿਲਾ ਸਿੱਖਿਆ ਅਫਸਰ (ਸੈ:ਸਿ) ਵਿਖੇ ਮਿਤੀ 31-12-2015, 01-01-2016 ਅਤੇ 02-01-2016 ਨੂੰ ਹਾਜਰ ਹੋਣਗੇ ਅਤੇ ਆਪਣੀ ਹਾਜਰੀ ਰਿਪੋਰਟ ਪੇਸ ਕਰਨਗੇ। ਜਿਲਾ ਸਿੱਖਿਆ ਅਫਸਰ (ਸੈ:ਸਿੱ:) ਇਹ ਸੁਨਿਸਿਚਤ ਕਰਨਗੇ ਕਿ ਮਿਤੀ 02-01-2016 ਨੂੰ ਦਫਤਰ ਖੁੱਲੇ ਰੱਖਣਗੇ ਅਤੇ ਜਿਲਾ ਸਿੱਖਿਆ ਅਫਸਰਾਂ (ਸੈ:ਸਿ) ਦੇ ਨੁਮਾਇੰਦੇ ਹਾਜਰੀ ਰਿਪੋਰਟਾਂ ਲੈ ਕੇ ਸਟੇਸਨ ਚੋਣ ਵਾਲੇ ਦਿਨਾਂ ਨੂੰ ਡਇਰੈਕਟੋਰੇਟ ਵਿਖੇ ਹਾਜਰ ਹੋਣਗੇ।** ਨਿਸ਼ਚਿਤ ਸਮੇਂ ਦੇ ਅੰਦਰ ਅੰਦਰ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਸਬੰਧਿਤ ਕਰਮਚਾਰੀ/ਕਰਮਚਾਰਨ ਨੂੰ ਇੱਕ ਸਾਲ ਦੇ ਸਮੇਂ ਲਈ ਉਕਤ ਨੋਟੀਫਿਕੇਸ਼ਨ ਦੀ ਰੋਸ਼ਨੀ ਵਿੱਚ ਡੀਬਾਰ ਸਮਝਿਆ ਜਾਵੇਗਾ।
4. ਇਹ ਤਰੱਕੀ ਦੇ ਹੁਕਮ ਤੱਥਾਂ ਦੇ ਗਲਤ ਸਾਬਤ ਹੋਣ ਜਾਂ ਸਬੰਧਿਤ ਕਰਮਚਾਰੀ ਵੱਲੋਂ ਗਲਤ ਵੇਰਵੇ ਦੇਣ ਕਾਰਨ, ਉਸ ਤੋਂ ਸੀਨੀਅਰ ਕਰਮਚਾਰੀ/ਕਰਮਚਾਰਨ ਵੱਲੋਂ ਤਰੱਕੀ ਦੀ ਮੰਗ ਕਰਨ ਤੇ ਜਾਂ ਕੰਮ ਆਚਰਣ ਤਸੱਲੀ ਬਖਸ਼ ਨਾ ਹੋਣ ਕਾਰਨ ਬਿਨਾਂ ਨੋਟਿਸ ਦਿੱਤੇ ਰੱਦ ਕਰ ਦਿੱਤੇ ਜਾਣਗੇ ਅਤੇ ਕਰਮਚਾਰੀ/ਕਰਮਚਾਰਨ ਨੂੰ ਇਸ ਸਬੰਧ ਵਿੱਚ ਦਿੱਤੇ ਗਏ ਹਰ ਤਰਾਂ ਦੇ ਵਿੱਤੀ ਲਾਭ ਰਿਕਵਰ ਕਰ ਲਏ ਜਾਣਗੇ।
5. ਸਬੰਧਿਤ ਕਰਮਚਾਰੀ/ਕਰਮਚਾਰਨ ਦੀ ਮਾਸਟਰ/ਮਿਸਟ੍ਰੇਸ ਕਾਡਰ ਵਿੱਚ ਸੀਨੀਅਰਤਾ ਨਿਯਮਾਂ ਅਨੁਸਾਰ ਫਿਕਸ ਕੀਤੀ ਜਾਵੇਗੀ।

6. ਸਬੰਧਿਤ ਕਰਮਚਾਰੀ/ਕਰਮਚਾਰਨ ਵਿਰੁੱਧ ਕੋਈ ਸ਼ਿਕਾਇਤ/ਪੜਤਾਲ ਪੈਂਡਿੰਗ ਨਾ ਹੋਣ ਦੀ ਸੂਰਤ ਵਿੱਚ ਹੀ ਉਸ ਨੂੰ ਤਰੱਕੀ ਉਪਰੰਤ ਪੋਸਟਿੰਗ ਵਾਲੀ ਥਾਂ ਤੇ ਹਾਜ਼ਰ ਕਰਵਾਇਆ ਜਾਵੇ।

7. ਜੇਕਰ ਸਬੰਧਿਤ ਕਰਮਚਾਰੀ/ਕਰਮਚਾਰਨ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਆਪਣੀ ਤਰੱਕੀ ਅਵੇਲ ਨਹੀਂ ਕਰਦਾ ਤਾਂ ਇਸ ਸਬੰਧੀ ਇੰਦਰਾਜ ਸਮਰੱਥ ਅਧਿਕਾਰੀ (ਡੀ.ਡੀ.ਓਜ਼.) ਉਸ ਦੀ ਸੇਵਾ ਪੱਤਰੀ ਵਿੱਚ ਕਰੇਗਾ।

8. ਜੇਕਰ ਕਿਸੇ ਕਾਰਨ ਵੱਖ-ਵੱਖ ਕਾਡਰਾਂ ਵਿੱਚ ਇਨ੍ਹਾਂ **ਪਦ ਉਨਤ ਕਰਮਚਾਰੀਆਂ** ਤੋਂ ਸੀਨੀਅਰ ਕਰਮਚਾਰੀ ਤਰੱਕੀ ਲੈਣ ਤੋਂ ਵਾਂਝਾ ਰਹਿ ਜਾਵੇ ਅਤੇ ਉਸ ਦੀ ਤਰੱਕੀ ਕਾਰਨ ਕਿਸੇ ਕਰਮਚਾਰੀ ਨੂੰ ਰਿਵਰਟ ਕਰਨਾ ਪਿਆ ਤਾਂ ਉਸ ਨੂੰ ਬਿਨਾਂ ਨੋਟਿਸ ਦਿੱਤੇ ਰੀਵਰਟ ਕਰ ਦਿੱਤਾ ਜਾਵੇਗਾ।

9. ਇਹ ਤਰੱਕੀ ਇੱਕ ਸਾਲ ਦੇ ਸਮੇਂ ਲਈ ਪ੍ਰੋਬੇਸ਼ਨ ਤੇ ਹੋਵੇਗੀ।

10. ਕਿਸੇ ਵੀ ਪ੍ਰੋਮੋਟੀ ਕਰਮਚਾਰੀ/ਕਰਮਚਾਰਨ ਨੂੰ ਪਿਛਲੇ ਪੰਜ ਸਾਲਾਂ ਤੋਂ ਤਰੱਕੀ ਦੀ ਮਿਤੀ ਤੱਕ ਸਜਾ ਅਤੇ ਅਪੀਲ ਰੂਲਜ਼ 1970 ਅਧੀਨ ਕੋਈ ਵੀ ਸਜਾ ਨਾ ਦਿੱਤੀ ਗਈ ਹੋਵੇ।

11. **ਇਹ ਸੁਨਿਸਚਿਤ ਕੀਤਾ ਜਾਵੇਗਾ ਕਿ ਜਿਹਨਾਂ ਕਰਮਚਾਰੀਆਂ ਨੇ ਵਿਭਾਗੀ ਸੇਵਾ ਦੌਰਾਨ ਵਿਦਿਅਕ ਯੋਗਤਾਵਾਂ ਹਾਸਲ ਕੀਤੀਆਂ ਹਨ ਉਹਨਾਂ ਨੇ ਵਿਭਾਗੀ ਮਨਜ਼ੂਰੀ ਲਈ ਹੋਵੇ ਅਤੇ ਇਹ ਚੈਕ ਕਰ ਲਈ ਜਾਵੇ।**

12. **ਜੇਕਰ ਕੋਈ ਹੋਰ ਜੇ.ਬੀ.ਟੀ/ਈ.ਟੀ.ਟੀ/ਸੀ.ਐਡ ਵੀ ਕਾਡਰ ਦੇ ਅਧਿਆਪਕ ਉਪਰੋਕਤ ਵਿਸਿਆ ਵਿਚ ਪੱਦ ਉੱਨਤੀ ਦੀਆਂ ਸਰਤਾਂ ਪੂਰੀ ਕਰਦਾ ਹੈ ਤੇ ਉਸ ਦੀਆਂ ਵਿਦਿਅਕ ਯੋਗਤਾਵਾਂ ਕੱਟ ਆਫ ਡੇਟ ਮਿਤੀ 21-02-2014 ਤੋਂ ਪਹਿਲਾਂ ਦੀਆਂ ਹਨ ਅਤੇ ਉਹ ਪਦ ਉੱਨਤੀ ਕੀਤੇ ਜਾ ਰਹੇ ਅਧਿਆਪਕਾਂ ਤੋ ਸੀਨੀਅਰ ਹੈ ਤਾਂ ਅਜਿਹਾ ਕਰਮਚਾਰੀ ਆਪਣਾ ਪਦ ਉੱਨਤੀ ਦਾ ਕੇਸ ਸਬੰਧਿਤ ਜਿਲਾ ਸਿੱਖਿਆ ਅਫਸਰਾਂ ਰਾਂਹੀ ਮਿਤੀ 11-01-2016 ਤੱਕ ਇਸ ਦਫਤਰ ਵਿਖੇ ਭੇਜੇਗਾ। ਜੇਕਰ ਇਹ ਕੇਸ ਯੋਗ ਪਾਇਆ ਜਾਂਦਾ ਹੈ ਤਾਂ ਉਸ ਦੀ ਪੱਦ ਉਨਤੀ ਵੀ ਉਪਰੋਕਤ ਹੁਕਮਾਂ/ਮਿਤੀ ਅਨੁਸਾਰ ਹੋਵੇਗੀ।**

**ਬਲਬੀਰ ਸਿੰਘ**

**ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿੱ:)ਪੰਜਾਬ।**

**ਪਿਠ ਅੰਕਣ ਨੰ: ਉਕਤ** 6112-6117 **ਮਿਤੀ:** 30-12-2015

**ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-**

1. **ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।**
2. **ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਐਸ.ਏ.ਐਸ. ਨਗਰ।**
3. **ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ)ਪੰਜਾਬ, ਐਸ.ਏ.ਐਸ ਨਗਰ।**
4. **ਮੰਡਲ ਸਿੱਖਿਆ ਅਫਸਰ ਨਾਭਾ/ਜਲੰਧਰ/ਫਰੀਦਕੋਟ।**
5. **ਸਮੂਹ ਜਿਲਾ ਸਿੱਖਿਆ ਅਫਸਰ (ਐ:ਸਿ) ਸਬੰਧਤ ਕਰਮਚਾਰੀ ਨੂੰ ਤਰੱਕੀ ਉਪਰੰਤ ਫਾਰਗ ਕਰਨ ਤੋ ਪਹਿਲਾਂ ਉਸ ਦੀਆਂ ਵਿੱਦਿਅਕ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ, ਪਿਛਲੇ ਪੰਜ ਸਾਲਾਂ ਦਾ ਸੇਵਾ ਰਿਕਾਰਡ ਚੈੱਕ ਕਰਨ ਅਤੇ ਰਿਕਾਰਡ ਤਸੱਲੀਬਖਸ ਹੋਣ ਉਪਰੰਤ ਕਰਮਚਾਰੀ ਨੂੰ ਫਾਰਗ ਕੀਤਾ ਜਾਵੇ।**
6. **ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ) ਸਬੰਧਤ ਕਰਮਚਾਰੀ ਨੂੰ ਤਰੱਕੀ ਉਪਰੰਤ ਹਾਜਰ ਕਰਾਉਣ ਤੋ ਪਹਿਲਾਂ ਉਸ ਦੀਆਂ ਵਿੱਦਿਅਕ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ ਸੇਵਾ ਰਿਕਾਰਡ, ਸਾਲਾਨਾ ਗੁਪਤ ਰਿਪੋਰਟਾਂ, ਸਿਕਾਇਤ/ਪੜਤਾਲ ਪੈਡਿੰਗ ਨਾ ਹੋਣ ਸਬੰਧੀ ਰਿਕਾਰਡ ਚੈਕ ਕਰਨਗੇ। ਇਹ ਵੀ ਸੁਨਿਸਚਿਤ ਕੀਤਾ ਜਾਵੇ ਕਿ ਕਰਮਚਾਰੀਆਂ ਦੀਆਂ ਵਿੱਦਿਅਕ ਯੋਗਤਾਵਾਂ /ਡਿਗਰੀਆਂ ਯੂ.ਜੀ.ਸੀ /ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਹੀ ਹਨ। ਉਸ ਦਾ ਸੇਵਾ ਰਿਕਾਰਡ ਤਸਲੀਬਖਸ ਨਾ ਹੋਣ ਦੀ ਸੂਰਤ ਵਿਚ ਹਾਜਰ ਨਾ ਕਰਵਾਇਆ ਜਾਵੇ ਸਗੋਂ ਇਸ ਸਬੰਧੀ ਰਿਪੋਰਟ ਡਾਇਰੈਕਟੋਰੇਟ ਨੂੰ ਭੇਜੀ ਜਾਵੇ। ਜਿਹੜੇ ਕਰਮਚਾਰੀ ਨਿਸਚਿਤ ਸਮੇਂ ਅੰਦਰ ਹਾਜਰ ਨਹੀਂ ਹੁੰਦੇ ਉਹਨਾਂ ਦੀ ਸੂਚਨਾ ਤੁਰੰਤ ਡਾਇਰੈਕਟੋਰੇਟ ਨੂੰ ਭੇਜਣਗੇ। ਜਿਹਨਾਂ ਕਰਮਚਾਰੀਆਂ ਨੇ ਪੰਜਾਬ ਰਾਜ ਤੋ ਬਾਹਰਲੀ ਯੂਨੀਵਰਸਿਟੀਆਂ ਤੋ ਵਿੱਦਿਅਕ ਯੋਗਤਾਵਾਂ ਪਾਸ ਕੀਤੀਆਂ ਹਨ ਉਹਨਾਂ ਦੀ ਵੈਰੀਫਿਕੇਸਨ ਦੀ ਸਰਤ ਲਗਾ ਕੇ ਹਾਜਰ ਕਰਵਾਇਆ ਜਾਵੇ। ਉਹਨਾਂ ਦੀਆਂ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ ਸਬੰਧਤ ਯੂਨੀਵਰਸਿਟੀ ਤੋਂ ਵੈਰੀਫਾਈ ਕਰਵਾਏ ਜਾਣ। ਇਹ ਪ੍ਰਕਿਰਿਆ ਤਿੰਨ ਮਹੀਨੇ ਦੇ ਅੰਦਰ ਅੰਦਰ ਪੂਰੀ ਕਰ ਲਈ ਜਾਵੇ ਅਤੇ ਇਸ ਦੀ ਰਿਪੋਰਟ ਡਾਇਰੈਕਟੋਰੇਟ ਨੂੰ ਭੇਜੀ ਜਾਵੇ। ਜੇਕਰ ਯੂਨੀਵਰਸਿਟੀ ਦੀ ਕੋਈ ਫੀਸ ਅਦਾ ਕਰਨੀ ਹੋਵੇ ਤਾਂ ਉਹ ਸਬੰਧਤ ਕਰਮਚਾਰੀ ਵੱਲੋਂ ਕੀਤੀ ਜਾਵੇਗੀ।**

**ਨੋਟ:** **ਜਿਹਨਾਂ ਕਰਮਚਾਰੀਆਂ ਨੇ ਪੰਜਾਬ ਰਾਜ ਤੋਂ ਵੀ ਡਿਗਰੀਆਂ ਕੀਤੀਆਂ ਹਨ ਉਹ ਵੀ ਸਬੰਧਤ ਯੂਨੀਵਰਸਿਟੀਆਂ ਤੋ ਚੈੱਕ ਕਰਵਾ ਲਈਆਂ ਜਾਣ। ਇਹ ਪ੍ਰਕਿਰਿਆ ਵੀ ਤਿੰਨ ਮਹੀਨੇ ਵਿਚ ਪੂਰੀ ਕਰ ਲਈ ਜਾਵੇ ਅਤੇ ਰਿਪੋਰਟ ਡਾਇਰੈਕਟਰੇਟ ਨੂੰ ਭੇਜੀ ਜਾਵੇ।**

30/12/2015

**(ਬਲਜਿੰਦਰ ਸਿੰਘ)**

**ਸਹਾਇਕ ਡਾਇਰੈਕਟਰ (ਸ:ਪ੍ਰ:2)**